# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ : 3-10-2026**

### *ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ*

- ਭਾਰਤ ਨੇ ਵਪਾਰ ਰੁਕਾਵਟਾਂ, ਡੰਪਿੰਗ, ਅਤੇ ਅਣੁਚਿਤ ਕੀਮਤਾਂ ਤੈਅ ਕੀਤੇ ਜਾਣ ਨੂੰ ਹਲ ਕਰਨ ਲਈ ਵਿਸ਼ਵ ਵਪਾਰ ਸੰਗਠਨ ਮੁਤਾਬਿਕ ਉਪਾਵਾਂ ਲਈ ਕਿਹਾ ਏ।

- ਅਮਰੀਕਾ ਵਿਚ ਤੇਲ ਦੀਆਂ ਕੀਮਤਾਂ 'ਚ ਰਿਕਾਰਡ ਵਾਧੇ ਤੋਂ ਬਾਅਦ G – 7 ਦੇਸ਼ਾਂ ਦਾ 10 ਕਰੋੜ ਬੈਰਲ ਡੀਜ਼ਲ ਤੇ ਕਚਾ ਤੇਲ ਜਾਰੀ ਕਰਨ ਦਾ ਫੈਸਲਾ।

- ਸੰਯੁਕਤ ਰਾਸ਼ਟਰ ਨੇ ਭਾਰਤ ਵਿੱਚ ਗ੍ਰੀਨ ਐਨਰਜੀ ਕੋਰੀਡੋਰ ਦੇ ਤੀਜੇ ਪੜਾਅ, GEC-3 ਨੂੰ ਮਨਜ਼ੂਰੀ ਮਿਲਣ ਦਾ ਸਵਾਗਤ ਕੀਤਾ ਏ।

- ਕੇਂਦਰੀ ਸਹਿਕਾਰਿਤਾ ਮੰਤਰੀ ਅਮਿਤ ਸ਼ਾਹ ਅੱਜ ਉਜੈਨ ਵਿਚ 255 ਕਰੋੜ ਰੁਪਏ ਦੀ ਲਾਗਤ ਵਾਲੇ ਡੇਅਰੀ ਪਲਾਂਟ ਦਾ ਨੀਂਹ ਪਥਰ ਰਖਣਗੇ।

- ਏਸ਼ੀਆਈ ਖੇਡਾਂ ਵਿੱਚ ਕਿਸ਼ੋਰ ਖਿਡਾਰਨ ਕੁਮਕੁਮ ਮੋਹੋਦ ਨੇ ਔਰਤਾਂ ਦੇ ਵਿਅਕਤੀਗਤ ਰਿਕਰਵ ਮੁਕਾਬਲੇ ਵਿੱਚ ਸੋਨੇ ਦਾ ਤਮਗਾ ਜਿੱਤਿਆ ਏ. ਮਰਦਾਂ ਦੀ ਹਾਕੀ ਵਿੱਚ, ਮੌਜੂਦਾ ਚੈਂਪੀਅਨ ਭਾਰਤ ਮਲੇਸ਼ੀਆ ਖਿਲਾਫ਼ ਮੈਦਾਨ 'ਚ ਉਤਰੇਗਾ।

### *ਹੁਣ ਖਬਰਾਂ ਵਿਸਥਾਰ ਨਾਲ*

ਅਮਰੀਕਾ ਦੇ ਮਿਲਵਾਕੀ ਵਿੱਚ ਜੀ-20 ਵਪਾਰ ਮੰਤਰੀਆਂ ਦੀ ਮੀਟਿੰਗ ਦੀ ਸਮਾਪਤੀ 'ਤੇ, ਭਾਰਤ ਨੇ ਵਿਸ਼ਵ ਵਪਾਰ ਅਸੰਤੁਲਨ ਨੂੰ ਦੂਰ ਕਰਨ ਲਈ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਦੇ ਨੇਮਾਂ ਦੀ ਪਾਲਣਾ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਵਪਾਰ ਤੇ ਸਨਅਤ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਕੁਝ ਦੇਸ਼ ਸਰਕਾਰੀ ਸਹਾਇਤਾ ਨਾਲ ਬਹੁਤ ਜ਼ਿਆਦਾ ਉਤਪਾਦਨ ਦਾ ਅਨੁਭਵ ਕਰ ਸਕਦੇ ਨੇ. ਇਸ ਨਾਲ ਦੂਜੇ ਦੇਸ਼ਾਂ

ਦੇ ਬਾਜ਼ਾਰਾਂ ਵਿੱਚ ਬੇਹਦ ਘੱਟ ਕੀਮਤਾਂ 'ਤੇ ਸਾਮਾਨ ਵੇਚਿਆ ਜਾ ਸਕਦਾ ਏ, ਅਤੇ ਡੰਪਿੰਗ ਦੀ ਸਮਸਿਆ ਪੈਦਾ ਹੋ ਸਕਦੀ ਏ. ਉਨ੍ਹਾਂ ਕਿਹਾ ਕਿ ਅਜਿਹੀਆਂ ਸਥਿਤੀਆਂ ਨੂੰ ਹੱਲ ਕਰਨ ਲਈ ਡਬਲਯੂ.ਟੀ.ਓ. ਨੇਮਾਂ ਤਹਿਤ ਐਂਟੀ-ਡੰਪਿੰਗ ਡਿਊਟੀਆਂ ਅਤੇ ਹੋਰ ਜ਼ਰੂਰੀ ਉਪਾਅ ਕੀਤੇ ਜਾ ਸਕਦੇ ਨੇ. ਸ੍ਰੀ ਗੋਇਲ ਨੇ ਕਿਹਾ ਕਿ ਬੇਹਦ ਜ਼ਿਆਦਾ ਉਤਪਾਦਨ ਆਪਣੇ ਆਪ ਵਿੱਚ ਕੋਈ ਸਮੱਸਿਆ ਨਹੀਂ ਏ। ਸਮੱਸਿਆ ਉਦੋਂ ਪੈਦਾ ਹੁੰਦੀ ਏ ਜਦੋਂ ਲੁਕਵੀਂ ਸਰਕਾਰੀ ਸਹਾਇਤਾ ਜਾਂ ਸਬਸਿਡੀਆਂ ਕਾਰਣ ਕਿਸੇ ਦੇਸ਼ ਵਿੱਚ ਉਤਪਾਦਨ ਬਹੁਤ ਜ਼ਿਆਦਾ ਵਧ ਜਾਂਦਾ ਏ. ਓਹਨਾਂ ਕਿਹਾ ਕਿ, ਉਤਪਾਦਨ ਅਤੇ ਸਪਲਾਈ ਚੇਨ ਨੂੰ ਵਖ – ਵਖ ਦੇਸ਼ਾਂ ‘ਚ ਫੈਲਾਉਣਾ ਜ਼ਰੂਰੀ ਏ ਪਰ ਇਸਦੇ ਨਾਂ ‘ਤੇ WTO ਦੇ ਨੇਮਾਂ ਤੋਂ ਬਾਹਰ ਜਾ ਕੇ ਕਦਮ ਨਹੀਂ ਉਠਾਉਣੇ ਚਾਹੀਦੇ. ਸ੍ਰੀ ਗੋਇਲ ਨੇ ਜ਼ੋਰ ਦੇ ਕੇ ਕਿਹਾ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੀਆਂ ਸਨਅਤਾਂ ਅਤੇ ਆਰਥਿਕਤਾ ਨੂੰ ਵਧਾਉਣ ਲਈ ਜ਼ਰੂਰੀ ਨੀਤੀਆਂ ਬਣਾਉਣ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਏ। ਉਨ੍ਹਾਂ ਕਿਹਾ ਕਿ ਭਾਰਤ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਵੱਡੀਆਂ ਆਰਥਿਕਤਾਵਾਂ ਵਿੱਚੋਂ ਇੱਕ ਏ। ਭਾਰਤ ਦੀ ਆਰਥਿਕਤਾ 140 ਕਰੋੜ ਤੋਂ ਵੱਧ ਲੋਕਾਂ ਦੀ ਘਰੇਲੂ ਮੰਗ ‘ਤੇ ਅਧਾਰਿਤ ਏ. ਉਨ੍ਹਾਂ ਕਿਹਾ ਕਿ ਭਾਰਤ ਡਿਜ਼ਾਈਨ ਤੋਂ ਲੈ ਕੇ ਤਿਆਰ ਵਸਤਾਂ ਤੱਕ, ਪੂਰੀ ਉਤਪਾਦਨ ਲੜੀ ਵਿਕਸਿਤ ਕਰ ਰਿਹਾ ਏ, ਅਤੇ ਵਿਸ਼ਵ ਸਪਲਾਈ ਲੜੀ ਵਿੱਚ ਇੱਕ ਭਰੋਸੇਯੋਗ ਭਾਈਵਾਲ ਬਣ ਰਿਹਾ ਏ। ਸ੍ਰੀ ਗੋਇਲ ਨੇ ਕਿਹਾ ਕਿ ਭਾਰਤ ਦੀ ਉਤਪਾਦਨ ਸਮਰੱਥਾ ਘਰੇਲੂ ਅਤੇ ਆਲਮੀ

ਜ਼ਰੂਰਤਾਂ ਨੂੰ ਪੂਰਾ ਕਰਦੀ ਏ, ਅਤੇ ਭਾਰਤ ਕੋਲ G- 20 ਵਲੋਂ ਪਛਾਣੇ ਗਏ ਖੇਤਰਾਂ ਵਿੱਚ ਜ਼ਰੂਰਤ ਤੋਂ ਜ਼ਿਆਦਾ ਉਤਪਾਦਨ ਦੀ ਸਮਰੱਥਾ ਨਹੀਂ ਏ।

---------------------------------------------------

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ 28 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਨੀਦਰਲੈਂਡ ਖੇਤੀਬਾੜੀ ਮੰਤਰੀ ਸਿਲਵੀਓ ਏਰਕਨਜ਼ ਨਾਲ ਦੁਵੱਲੀ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਆਪਸੀ ਸਹਿਯੋਗ ਬਾਰੇ ਚਰਚਾ ਕੀਤੀ। ਦੋਵਾਂ ਧਿਰਾਂ ਨੇ ਆਧੁਨਿਕ ਤਕਨਾਲੋਜੀ, ਨਵੀਨਤਾ ਅਤੇ ਗਿਆਨ ਦੇ ਵਟਾਂਦਰੇ ਰਾਹੀਂ ਉਤਪਾਦਕਤਾ ਵਧਾਉਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਦੋਵਾਂ ਧਿਰਾਂ ਨੇ ਖੇਤੀਬਾੜੀ ਅਤੇ ਬਾਗਬਾਨੀ ਦੇ ਖੇਤਰਾਂ ਵਿੱਚ 25 ਮੁਹਾਰਤ ਕੇਂਦਰ ਕਾਇਮ ਕਰਨ ਵਿੱਚ ਪ੍ਰਗਤੀ ਬਾਰੇ ਚਰਚਾ ਕੀਤੀ। ਦੋਵੇਂ ਦੇਸ਼ ਸਹਿਯੋਗ ਦੇ ਮੁੱਖ ਖੇਤਰਾਂ ਦੀ ਰੂਪਰੇਖਾ ਤਿਆਰ ਕਰਨ, ਇੱਕ ਪ੍ਰਭਾਵਸ਼ਾਲੀ ਅਤੇ ਸਪਸ਼ਟ ਢਾਂਚਾ ਵਿਕਸਿਤ ਕਰਨ ਅਤੇ ਇਸਨੂੰ ਲਾਗੂ ਕਰਨ ਵਾਲੀ ਇੱਕ ਕਾਰਜ ਯੋਜਨਾ ਰਾਹੀਂ ਬੀਜ ਖੇਤਰ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰਨ ਲਈ ਸਹਿਮਤ ਹੋਏ।

--------------------------------------------------------

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਏ ਕਿ ਆਲਮੀ ਬਾਗਬਾਨੀ ਕੇਂਦਰ, ਰਾਇਲਸੀਮਾ ਦੇ ਕਿਸਾਨਾਂ ਨੂੰ ਲਾਭ ਪਹੁੰਚਾਏਗਾ। ਕੱਲ੍ਹ, ਉਨ੍ਹਾਂ ਨੇ ਆਂਧਰਾ ਪ੍ਰਦੇਸ਼ ਦੇ ਅੰਨਮੱਈਆ ਜ਼ਿਲ੍ਹੇ ਦੇ ਮਦਨਪੱਲੇ ਵਿੱਚ ਆਲਮੀ ਬਾਗਬਾਨੀ ਕੇਂਦਰ ਅਤੇ ਭਾਰਤੀ ਖੇਤੀਬਾੜੀ ਸਕੂਲ ਦਾ ਨੀਂਹ ਪੱਥਰ ਰੱਖਿਆ। ਇਸ ਸਮਾਗਮ ਵਿੱਚ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਅਤੇ ਉਪ ਮੁੱਖ ਮੰਤਰੀ ਪਵਨ ਕਲਿਆਣ ਵੀ ਮੌਜੂਦ ਸਨ। ਸ਼੍ਰੀਮਤੀ ਸੀਤਾਰਮਨ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਆਂਧਰਾ ਪ੍ਰਦੇਸ਼ ਵਿੱਚ ਬਾਗਬਾਨੀ ਨੂੰ ਉਤਸ਼ਾਹਿਤ ਕਰਨ ਲਈ ਰਲ ਕੇ ਕੰਮ ਕਰ ਰਹੀਆਂ ਨੇ. ਉਨ੍ਹਾਂ ਨੇ ਕਿਸਾਨਾਂ ਲਈ ਬਿਹਤਰ ਪਾਣੀ, ਆਧੁਨਿਕ ਤਕਨੌਲਜੀ ਅਤੇ ਬਿਹਤਰ ਸਹੂਲਤਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਪੀਐਮ-ਕਿਸਾਨ, ਫਸਲ ਬੀਮਾ ਅਤੇ ਪੀਐਮ-ਕੁਸੁਮ ਵਰਗੀਆਂ ਯੋਜਨਾਵਾਂ ਦਾ ਵੀ ਜ਼ਿਕਰ ਕੀਤਾ। ਖਜ਼ਾਨਾ ਮੰਤਰੀ ਨੇ ਕਿਹਾ ਕਿ ਭਾਰਤੀ ਖੇਤੀਬਾੜੀ ਸਕੂਲ ਕਿਸਾਨਾਂ ਨੂੰ ਨਵੀਆਂ ਤਕਨੌਲਜੀਆਂ ਅਤੇ ਬਿਹਤਰ ਖੇਤੀਬਾੜੀ ਵਿਧੀਆਂ ਬਾਰੇ ਜਾਣਕਾਰੀ ਪ੍ਰਦਾਨ ਕਰੇਗਾ। ਆਲਮੀ ਬਾਗਬਾਨੀ ਕੇਂਦਰ ਅੰਬ, ਕੇਲਾ, ਟਮਾਟਰ ਅਤੇ ਅਨਾਰ ਵਰਗੀਆਂ ਫਸਲਾਂ ਨੂੰ ਉਤਸ਼ਾਹਿਤ ਕਰਦੇ ਹੋਏ 10 ਜ਼ਿਲ੍ਹਿਆਂ ਨੂੰ ਕਵਰ ਕਰੇਗਾ। ਇਹ ਪ੍ਰੋਜੈਕਟ ਤਿੰਨ ਪੜਾਵਾਂ ਵਿੱਚ ਪੂਰਾ ਹੋਵੇਗਾ ਅਤੇ ਇਸਦੀ ਲਾਗਤ ਕਰੀਬ 1 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਏ।

------------------------------------------------------------

ਵਧਦੀਆਂ ਊਰਜਾ ਕੀਮਤਾਂ ਨੂੰ ਘਟਾਉਣ ਲਈ ਇੱਕ ਤਾਲਮੇਲ ਵਾਲੇ ਯਤਨ ਵਿੱਚ, G-7 ਦੇਸ਼ ਚਾਰ ਮਹੀਨਿਆਂ ਵਿੱਚ ਰਣਨੀਤਕ ਭੰਡਾਰਾਂ ਤੋਂ 10 ਕਰੋੜ ਬੈਰਲ ਤੱਕ ਤੇਲ ਜਾਰੀ ਕਰਨ ਲਈ ਸਹਿਮਤ ਹੋਏ ਨੇ, ਜਿਸ ਵਿੱਚ ਡੀਜ਼ਲ 'ਤੇ ਖਾਸ ਧਿਆਨ ਦਿੱਤਾ ਗਿਆ ਏ. ਇਹ ਤੇਲ ਜਾਰੀ ਕੀਤਾ ਜਾਣਾ ਅੰਤਰਰਾਸ਼ਟਰੀ ਊਰਜਾ ਏਜੰਸੀ (IEA) ਵਲੋਂ ਤਾਲਮੇਲ ਨਾਲ ਕੀਤਾ ਜਾਵੇਗਾ, ਅਤੇ ਪਹਿਲੇ 20 ਦਿਨਾਂ ਦੇ ਅੰਦਰ ਡੀਜ਼ਲ ਦੀ ਕਾਫ਼ੀ ਮਾਤਰਾ ਉਪਲਬਧ ਕਰਵਾਈ ਜਾਵੇਗੀ. G7 ਦੇਸ਼ਾਂ ਨੇ ਇੱਕ ਵੀਡੀਓ ਕਾਨਫਰੰਸ ਮੀਟਿੰਗ ਤੋਂ ਬਾਅਦ ਇੱਕ ਬਿਆਨ ਵਿੱਚ ਇਸਦਾ ਐਲਾਨ ਕੀਤਾ। ਮੀਟਿੰਗ ਵਿੱਚ ਅਸਮਾਨ ਛੋਹ ਰਹੀਆਂ ਈਂਧਨ ਕੀਮਤਾਂ ਅਤੇ ਅਮਰੀਕਾ ਅਤੇ ਯੂਰਪ ਵਿਚਕਾਰ ਵਧ ਰਹੇ ਵਪਾਰਕ ਤਣਾਅ ਦਰਮਿਆਨ ਆਲਮੀ ਡੀਜ਼ਲ ਸਪਲਾਈ 'ਤੇ ਚਰਚਾ ਕੀਤੀ ਗਈ। ਮੌਜੂਦਾ G-7 ਚੇਅਰਮੈਨਫ, ਰੂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ, ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਦੇਸ਼ ਪੈਟਰੋਲੀਅਮ ਉਤਪਾਦਾਂ, ਖਾਸ ਕਰਕੇ ਡੀਜ਼ਲ ਦੀਆਂ ਕੀਮਤਾਂ 'ਤੇ ਦਬਾਅ ਘੱਟ ਕਰਨ ਲਈ ਤਾਲਮੇਲ ਵਾਲੇ ਢੰਗ ਨਾਲ ਕੰਮ ਕਰਨ ਲਈ ਸਹਿਮਤ ਹੋਏ।

ਇਹ ਮੀਟਿੰਗ ਅਜਿਹੇ ਸਮੇਂ ਹੋਈ ਏ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਧਮਕੀ ਦਿੱਤੀ ਏ ਕਿ ਜੇਕਰ ਯੂਰਪੀ ਦੇਸ਼ ਆਪਣੇ ਰਣਨੀਤਕ ਭੰਡਾਰਾਂ ਤੋਂ ਈਂਧਨ ਨਹੀਂ ਛੱਡਦੇ ਤਾਂ ਅਮਰੀਕੀ, ਡੀਜ਼ਲ

ਬਰਾਮਦ ਨੂੰ ਰੋਕ ਦੇਣਗੇ. ਅਗਲੇ ਮਹੀਨੇ ਹੋਣ ਵਾਲੀਆਂ ਮੱਧਕਾਲੀ ਕਾਂਗਰਸ ਚੋਣਾਂ ਤੋਂ ਪਹਿਲਾਂ ਰਿਪਬਲਿਕਨ ਪਾਰਟੀ ਲਈ ਉੱਚ ਘਰੇਲੂ ਈਂਧਨ ਦੀਆਂ ਕੀਮਤਾਂ ਇੱਕ ਮਹੱਤਵਪੂਰਨ ਰਾਜਨੀਤਿਕ ਚੁਣੌਤੀ ਪੈਦਾ ਕਰਦੀਆਂ ਨੇ.

ਈਰਾਨ ਨਾਲ ਅਮਰੀਕਾ ਦੇ ਟਕਰਾਅ ਨੇ ਆਲਮੀ ਸਪਲਾਈ ਘਟਾ ਦਿੱਤੀ ਏ।

------------------------------------------------------------

ਸੰਯੁਕਤ ਰਾਸ਼ਟਰ ਨੇ ਭਾਰਤ ਵਿੱਚ ਗ੍ਰੀਨ ਐਨਰਜੀ ਕੋਰੀਡੋਰ ਦੇ ਤੀਜੇ ਪੜਾਅ, GEC-3 ਨੂੰ ਮਨਜ਼ੂਰੀ ਮਿਲਣ ਦਾ ਸਵਾਗਤ ਕੀਤਾ ਏ। ਕੇਂਦਰ ਸਰਕਾਰ ਨੇ ਇਸ ਯੋਜਨਾ ਲਈ, ਇੱਕ ਲੱਖ 86 ਹਜ਼ਾਰ 405 ਕਰੋੜ ਰੁਪਏ ਮਨਜ਼ੂਰ ਕੀਤੇ ਨੇ। ਇਸ ਵਿੱਚ 54 ਹਜ਼ਾਰ 82 ਕਰੋੜ ਦੀ ਕੇਂਦਰੀ ਸਹਾਇਤਾ ਸ਼ਾਮਲ ਏ। ਇਸ ਯੋਜਨਾ ਦਾ ਉਦੇਸ਼, ਬਿਜਲੀ transmission ਨੈੱਟਵਰਕ ਨੂੰ ਮਜ਼ਬੂਤ ਕਰਨਾ ਅਤੇ ਬੈਟਰੀ ਸਟੋਰੇਜ ਦੀ ਸਹੂਲਤ ਨੂੰ ਵਧਾਉਣਾ ਏ। ਸੰਯੁਕਤ ਰਾਸ਼ਟਰ ਜਲਵਾਯੂ ਤਬਦੀਲੀ ਦੇ ਕਾਰਜਕਾਰੀ ਸਕੱਤਰ ਸਾਈਮਨ ਸਟੀਲ ਨੇ ਕਿਹਾ ਕਿ, ਇਸ ਯੋਜਨਾ ਨਾਲ ਭਾਰਤ ਆਪਣੀ ਵਧ ਰਹੀ ਨਵਿਆਉਣਯੋਗ ਊਰਜਾ ਸਮਰੱਥਾ ਦਾ ਬਿਹਤਰ ਇਸਤੇਮਾਲ ਕਰ ਸਕੇਗਾ।

---

ਕੇਂਦਰੀ ਗ੍ਰਿਹ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਅੱਜ ਉਜੈਨ ਵਿੱਚ, 255 ਕਰੋੜ ਰੁਪਏ ਦੀ ਲਾਗਤ ਵਾਲੇ ਡੇਅਰੀ ਪਲਾਂਟ ਦਾ ਉਦਘਾਟਨ ਕਰਨਗੇ। ਇਸ ਮੌਕੇ, ਕਈ ਡੇਅਰੀ ਪ੍ਰੋਜੈਕਟਾਂ ਦੀ ਸ਼ੁਰੂਆਤ ਵੀ ਕੀਤੀ ਜਾਵੇਗੀ।

ਸ਼੍ਰੀ ਸ਼ਾਹ ਭੋਪਾਲ ਵਿੱਚ, 'Gau Palak Sammelan' ਵਿੱਚ ਵੀ ਸ਼ਾਮਲ ਹੋਣਗੇ। ਸ਼੍ਰੀ ਸ਼ਾਹ ਇਸ ਮੌਕੇ, ਇਕੱਠ ਨੂੰ ਵੀ ਸੰਬੋਧਨ ਕਰਨਗੇ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਮੋਹਨ ਯਾਦਵ ਵੀ ਸ਼੍ਰੀ ਸ਼ਾਹ ਮੌਜੂਦ ਰਹਿਣਗੇ।

ਸ਼੍ਰੀ ਸ਼ਾਹ ਪਸ਼ੂ-ਪਾਲਣ ਦੇ ਖੇਤਰ ਵਿੱਚ, ਵਧੀਆ ਕੰਮ ਕਰਨ ਵਾਲੀਆਂ ਔਰਤ ਪਸ਼ੂ-ਪਾਲਕਾਂ ਨੂੰ ਸਨਮਾਨਿਤ ਕਰਨਗੇ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਆਕਾਸ਼ਵਾਣੀ 'ਤੇ ਹਰ ਮਹੀਨੇ ਪ੍ਰਸਾਰਿਤ ਹੋਣ ਵਾਲੇ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੇ ਅੱਜ 12 ਸਾਲ ਪੂਰੇ ਹੋ ਗਏ ਨੇ। 'ਮਨ ਕੀ ਬਾਤ' ਦਾ ਪਹਿਲਾ ਐਪੀਸੋਡ 3 ਅਕਤੂਬਰ 2014 ਨੂੰ, ਵਿਜਯਾਦਸ਼ਮੀ ਵਾਲੇ ਦਿਨ ਪ੍ਰਸਾਰਿਤ ਹੋਇਆ

ਸੀ। ਹਾਲ ਹੀ ਵਿੱਚ, ਪ੍ਰਧਾਨ ਮੰਤਰੀ ਨੇ ਇਸ ਪ੍ਰੋਗਰਾਮ ਦੀ 138ਵੀਂ ਕੜੀ ਵਿੱਚ ਦੇਸ਼ ਨੂੰ ਸੰਬੋਧਨ ਕੀਤਾ।

---------------------------------------------------

ਗਾਂਧੀ ਜਯੰਤੀ ਦੇ ਮੌਕੇ 'ਤੇ ਕਲ੍ਹ ਦੇਸ਼ ਭਰ ਵਿੱਚ ਵਿਸ਼ੇਸ਼ ਗ੍ਰਾਮ ਸਭਾਵਾਂ ਕਰਾਈਆਂ ਗਈਆਂ. ਜੀ.ਪੀ.ਡੀ.ਪੀ. ਪੋਰਟਲ ਅਤੇ ਪੰਚਾਇਤ ਨਿਰਣੇ ਪੋਰਟਲ 'ਤੇ 2 ਲਖ 42 ਹਜ਼ਾਰ ਤੋਂ ਵੱਧ ਵਿਸ਼ੇਸ਼ ਗ੍ਰਾਮ ਸਭਾਵਾਂ ਕਰਾਈਆਂ ਗਈਆਂ. ਸਥਾਨਕ ਨਿਵਾਸੀਆਂ, ਚੁਣੇ ਹੋਏ ਪ੍ਰਤੀਨਿਧੀਆਂ, ਪੰਚਾਇਤ ਅਹੁਦੇਦਾਰਾਂ ਅਤੇ ਅਧਿਕਾਰੀਆਂ ਨੇ ਇਨ੍ਹਾਂ ਗ੍ਰਾਮ ਸਭਾਵਾਂ ਵਿੱਚ ਉਤਸ਼ਾਹ ਅਤੇ ਸਰਗਰਮੀ ਨਾਲ ਹਿੱਸਾ ਲਿਆ।

---------------------------------------------------

ਸੰਯੁਕਤ ਅਰਬ ਅਮੀਰਾਤ - ਯੂਏਈ ਦੇ ਅਧਿਕਾਰੀ ਫਲਾਈ ਦੁਬਈ ਉਡਾਣ ਘਟਨਾ ਦੀ ਜਾਂਚ ਕਰ ਰਹੇ ਨੇ. ਉਨ੍ਹਾਂ ਨੇ ਤਾਕੀਦ ਕੀਤੀ ਏ ਕਿ ਘਟਨਾ ਨੂੰ ਬਹੁਤ ਜ਼ਿਆਦਾ ਆਸਾਨ ਨਾ ਸਮਝਿਆ ਜਾਵੇ, ਅਤੇ ਨਾ ਹੀ ਜਾਂਚ ਪੂਰੀ ਹੋਣ ਤੱਕ ਕੋਈ ਧਾਰਨਾਵਾਂ ਜਾਂ ਜਲਦਬਾਜ਼ੀ ਵਿੱਚ ਸਿੱਟੇ ਕੱਢਣੇ ਚਾਹੀਦੇ ਨੇ. ਘਟਨਾ ਦੌਰਾਨ ਕੈਪਟਨ ਸਮਿਤ ਮਛਾਰ ਦੀ ਹਿੰਮਤ ਅਤੇ ਤੁਰੰਤ ਕਾਰਵਾਈ ਦੀ ਪੂਰੇ ਯੂਏਈ ਵਿੱਚ ਤਾਰੀਫ਼ ਹੋ ਰਹੀ ਏ।

---

ਏਸ਼ੀਆਈ ਖੇਡਾਂ ਵਿੱਚ ਕਿਸ਼ੋਰ ਖਿਡਾਰਨ ਕੁਮਕੁਮ ਮੋਹੋਦ ਨੇ ਔਰਤਾਂ ਦੇ ਵਿਅਕਤੀਗਤ ਰਿਕਰਵ ਮੁਕਾਬਲੇ ਵਿੱਚ ਸੋਨੇ ਦਾ ਤਮਗਾ ਜਿੱਤਿਆ ਏ. ਇਸ ਤੋਂ ਪਹਿਲਾਂ, ਕੁਮਕੁਮ ਨੇ ਸੈਮੀਫਾਈਨਲ ਵਿੱਚ ਚੀਨ ਨੂੰ ਹਰਾ ਕੇ 2028 ਲਾਸ ਏਂਜਲਸ ਓਲੰਪਿਕ ਲਈ ਭਾਰਤ ਲਈ ਕੋਟਾ ਸਥਾਨ ਪੱਕਾ ਕੀਤਾ।

ਮਰਦਾਂ ਦੀ ਹਾਕੀ ਵਿੱਚ, ਮੌਜੂਦਾ ਚੈਂਪੀਅਨ ਭਾਰਤ ਮਲੇਸ਼ੀਆ ਖਿਲਾਫ਼ ਮੈਦਾਨ ‘ਚ ਉਤਰੇਗਾ.

ਕੱਲ੍ਹ, ਭਾਰਤ ਦੀ ਔਰਤਾਂ ਦੀ ਹਾਕੀ ਟੀਮ ਨੇ ਫਾਈਨਲ ਵਿੱਚ ਮੌਜੂਦਾ ਚੈਂਪੀਅਨ ਚੀਨ ਨੂੰ 1-0 ਨਾਲ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ. ਦੇਸ਼ ਦੇ ਤਮਗਿਆਂ ਦੀ ਗਿਣਤੀ 77 ਹੋ ਗਈ ਏ, ਜਿਸ ਵਿੱਚ 17 ਸੋਨੇ ਦੇ, 25 ਚਾਂਦੀ ਦੇ ਅਤੇ 35 ਕਾਂਸੀ ਦੇ ਤਮਗੇ ਸ਼ਾਮਿਲ ਨੇ.

---

- ਭਾਰਤ ਨੇ ਵਪਾਰ ਰੁਕਾਵਟਾਂ, ਡੰਪਿੰਗ, ਅਤੇ ਅਣੁਚਿਤ ਕੀਮਤਾਂ ਤੈਅ ਕੀਤੇ ਜਾਣ ਨੂੰ ਹਲ ਕਰਨ ਲਈ ਵਿਸ਼ਵ ਵਪਾਰ ਸੰਗਠਨ ਮੁਤਾਬਿਕ ਉਪਾਵਾਂ ਲਈ ਕਿਹਾ ਏ।

- ਅਮਰੀਕਾ ਵਿਚ ਤੇਲ ਦੀਆਂ ਕੀਮਤਾਂ ‘ਚ ਰਿਕਾਰਡ ਵਾਧੇ ਤੋਂ ਬਾਅਦ G – 7 ਦੇਸ਼ਾਂ ਦਾ 10 ਕਰੋੜ ਬੈਰਲ ਡੀਜ਼ਲ ਤੇ ਕਚਾ ਤੇਲ ਜਾਰੀ ਕਰਨ ਦਾ ਫੈਸਲਾ।

- ਸੰਯੁਕਤ ਰਾਸ਼ਟਰ ਨੇ ਭਾਰਤ ਵਿੱਚ ਗ੍ਰੀਨ ਐਨਰਜੀ ਕੋਰੀਡੋਰ ਦੇ ਤੀਜੇ ਪੜਾਅ, GEC-3 ਨੂੰ ਮਨਜ਼ੂਰੀ ਮਿਲਣ ਦਾ ਸਵਾਗਤ ਕੀਤਾ ਏ।

- ਕੇਂਦਰੀ ਸਹਿਕਾਰਿਤਾ ਮੰਤਰੀ ਅਮਿਤ ਸ਼ਾਹ ਅੱਜ ਉਜੈਨ ਵਿਚ 255 ਕਰੋੜ ਰੁਪਏ ਦੀ ਲਾਗਤ ਵਾਲੇ ਡੇਅਰੀ ਪਲਾਂਟ ਦਾ ਨੀਂਹ ਪਥਰ ਰਖਣਗੇ।

- ਏਸ਼ੀਆਈ ਖੇਡਾਂ ਵਿੱਚ ਕਿਸ਼ੋਰ ਖਿਡਾਰਨ ਕੁਮਕੁਮ ਮੋਹੋਦ ਨੇ ਔਰਤਾਂ ਦੇ ਵਿਅਕਤੀਗਤ ਰਿਕਰਵ ਮੁਕਾਬਲੇ ਵਿੱਚ ਸੋਨੇ ਦਾ ਤਮਗਾ ਜਿੱਤਿਆ ਏ. ਮਰਦਾਂ ਦੀ ਹਾਕੀ ਵਿੱਚ, ਮੌਜੂਦਾ ਚੈਂਪੀਅਨ ਭਾਰਤ ਮਲੇਸ਼ੀਆ ਖਿਲਾਫ਼ ਮੈਦਾਨ ‘ਚ ਉਤਰੇਗਾ।

---------------------------------------------------

ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!